# ਨਮੂਨਾ ਮੁਲਾਂਕਣ-ਪੱਤਰ, ਜੁਲਾਈ 2019

**ਜਮਾਤ - ਚੌਥੀ**

**ਵਿਸ਼ਾ - ਪੰਜਾਬੀ**

ਵਿਦਿਆਰਥੀ ਦਾ ਨਾਂ............................... ਰੋਲ ਨੰ.............

ਜਮਾਤ................ ਮਿਤੀ..............

ਸਮਾਂ : 1½ ਘੰਟਾ ਕੁੱਲ ਅੰਕ : 40

**1. ਹੇਠਾਂ ਦਿੱਤੇ ਹੋਏ ਪੈਰੇ ਨੂੰ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਦਿਓ:** **(1+2+2=5)**

ਜਸ਼ਨ ਦੀਆਂ ਗੱਲਾਂ ਸੁਣ ਕੇ ਗੁਰਮੇਲ ਸਿੰਘ ਹੈਰਾਨ ਸੀ। ਜ਼ਮੀਨਾਂ 'ਤੇ ਧੜਾ-ਧੜ ਉੱਸਰ ਰਹੇ ਫ਼ਲੈਟ ਅਤੇ ਖੇਤੀ ਲਈ ਘੱਟਦੀ ਜਾਂਦੀ ਜ਼ਮੀਨ ਸਾਡੇ ਲਈ ਇੱਕ ਚਿੰਤਾ ਦਾ ਵਿਸ਼ਾ ਹੈ। ਜਸ਼ਨ ਨੇ ਕਿਹਾ, "ਪਾਪਾ! ਚਿੜੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ, ਕਿੱਥੇ ਗਈਆਂ ਚਿੜੀਆਂ?" ਗੁਰਮੇਲ ਸਿੰਘ ਵੱਲੋਂ ਕੋਈ ਜਵਾਬ ਨਾ ਆਉਂਦਾ ਦੇਖ ਕੇ ਆਪ ਹੀ ਬੋਲਿਆ, "ਪਾਪਾ! ਮੈਡਮ ਕਹਿੰਦੇ ਸਨ ਕਿ ਜਿਹੜੇ ਮੋਬਾਈਲ ਫੋਨਾਂ ਦੇ ਵੱਡੇ-ਵੱਡੇ ਟਾਵਰ ਲੱਗੇ ਹੋਏ ਨੇ, ਇਹਨਾਂ ਵਿੱਚੋਂ ਨਿਕਲਣ ਵਾਲੀਆਂ ਤਰੰਗਾਂ ਕਰਕੇ ਬਹੁਤ ਸਾਰੇ ਪੰਛੀ ਸਾਡੇ ਕੋਲ਼ੋਂ ਦੂਰ ਚਲੇ ਗਏ ਹਨ। ਚਿੜੀਆਂ ਵੀ ਜਾਂ ਤਾਂ ਮਰ ਗਈਆਂ ਨੇ ਜਾਂ ਦੂਰ-ਦੁਰਾਡੇ ਕਿਧਰੇ ਪਹਾੜਾਂ ਵੱਲ ਚਲੀਆਂ ਗਈਆਂ ਨੇ।"

(ੳ) ਗੁਰਮੇਲ ਸਿੰਘ ਕਿਸ ਦੀਆਂ ਗੱਲਾਂ ਸੁਣ ਕੇ ਹੈਰਾਨ ਸੀ?

..........................................................................................................

(ਅ) ਗੁਰਮੇਲ ਸਿੰਘ ਨੂੰ ਕਿਹੜੀ ਗੱਲ ਦੀ ਚਿੰਤਾ ਹੋ ਰਹੀ ਸੀ?

..........................................................................................................

(ੲ) ਪੈਰ੍ਹੇ ਵਿੱਚੋਂ ਆਏ ਕੋਈ ਦੋ ਨਾਂਵ ਚੁਣੋ?

..........................................................................................................

**2. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ:** **(8X1=8)**

i) ਜਸ਼ਨ ਫੁੱਲਾਂ 'ਤੇ ਮੰਡਰਾਉਂਦੀਆਂ............ਨੂੰ ਫੜ੍ਹਨ ਦੀ ਕੋਸ਼ਸ਼ ਕਰਦਾ।

ੳ) ਤਿਤਲੀਆਂ ਅ) ਮੱਖੀਆਂ ੲ) ਚਿੜੀਆਂ ਸ) ਗੁਟਾਰਾਂ

ii) ਸੁਖਦੇਵ ਦੀ ਚਚੇਰੀ ਭੈਣ ਦਾ ਨਾਂ ਕੀ ਸੀ?

ੳ) ਗੌਰਾਂ ਅ) ਰਹੀਮਣ ੲ) ਰਲੀ ਦੇਈ ਸ) ਜਸਵੰਤ

iii) ਪਰਵਾਸੀ ਪੰਛੀ ਕਿੱਥੋਂ ਆਉਂਦੇ ਹਨ?

ੳ) ਗੁਆਂਢੀ ਰਾਜ ਤੋਂ ਅ) ਗੁਆਂਢੀ ਪਿੰਡ ਤੋਂ ੲ) ਦੂਰ ਦੇਸਾਂ ਤੋਂ ਸ) ਸਮੁੰਦਰ ਵਿੱਚੋਂ

iv) ਸੁਖਦੇਵ ਲਾਇਲਪੁਰ ਦੇ.................ਸਕੂਲ ਵਿੱਚ ਪੜ੍ਹਦਾ ਸੀ?

ੳ) ਸਰਕਾਰੀ ਅ) ਪ੍ਰਾਈਵੇਟ ੲ) ਸਨਾਤਨ ਧਰਮ ਸ) ਆਦਰਸ਼

v) ਮੀਂਹ ਬਿਨਾਂ ਧਰਤੀ ਬਣ ਜਾਵੇਗੀ:

ੳ) ਹਰੀ-ਭਰੀ ਅ) ਬੰਜਰ ੲ) ਬਹੁਤ ਸੋਹਣੀ ਸ) ਪਥਰੀਲੀ

vi) 'ਆਈਏ' ਨਾਲ਼ ਮਿਲ਼ਦਾ ਤੁਕਾਂਤ ਚੁਣੋ?

ੳ) ਘੁੰਮੀਏ ਅ) ਗਾਈਏ ੲ) ਗਏ ਸ) ਸ਼ਾਨ

vii) ਕਿਹੜਾ ਪੰਛੀ ਮੋਬਾਈਲ ਟਾਵਰਾਂ ਦੀਆਂ ਤਰੰਗਾਂ ਕਰਕੇ ਹੁਣ ਸਾਥੋਂ ਦੂਰ ਚਲਾ ਗਿਆ ਹੈ?

ੳ) ਚਿੜੀ ਅ) ਕਬੂਤਰ ੲ) ਤੋਤਾ ਸ) ਮੋਰ

viii) ਸਹੀ ਸ਼ਬਦ ਦੀ ਚੋਣ ਕਰੋ:

ੳ) ਸ਼ਇਰ ਅ) ਸ਼ੈਅਰ ੲ) ਸਹਿਰ ਸ) ਸ਼ਹਿਰ

(4X2=8)

**3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:**

ੳ) ਜੇਕਰ ਪਾਣੀ ਮੁੱਕ ਜਾਵੇ ਤਾਂ ਕੀ ਹੋਵੇਗਾ? ਕੋਈ ਦੋ ਵਾਕ ਲਿਖੋ:

..........................................................................

..........................................................................

ਅ) ਤੁਹਾਨੂੰ ਹਾਥੀ ਦੇ ਸੁੰਡ ਅਤੇ ਦੰਦ ਕਿਹੜੀਆਂ ਚੀਜ਼ਾਂ ਵਰਗੇ ਲੱਗਦੇ ਹਨ?

..........................................................................

..........................................................................

ੲ) 'ਪ੍ਰਾਰਥਨਾ' ਕਵਿਤਾ ਵਿੱਚ ਕਿਹੜਾ ਦਾਨ ਮੰਗਿਆ ਗਿਆ ਹੈ?

..........................................................................

..........................................................................

ਸ) ਖੇਤੀ ਲਈ ਜ਼ਮੀਨ ਕਿਉਂ ਘਟਦੀ ਜਾ ਰਹੀ ਹੈ ?

..........................................................................

..........................................................................

(2)

**4. ਹੇਠਾਂ ਦਿੱਤੇ ਸ਼ਬਦਾਂ ਨੂੰ ਅਰਥਾਂ ਨਾਲ਼ ਮਿਲਾਓ:**

| | |
|---|---|
| ਮਾਨਵਤਾ | ਦਰਵਾਜ਼ਾ |
| ਤਰੰਗਾਂ | ਮਨੁੱਖਤਾ |
| ਕਿਵਾੜ | ਸ਼ਰਮਿੰਦਾ |
| ਛਿੱਥਾ | ਲਹਿਰਾਂ |